

# abc123

ਤੁਹਾਡੇ ਬੱਚੇ ਦੀ ਕਾਮਯਾਬੀ ਲਈ ਸਰਲ ਕਦਮ

## ਪੜ੍ਹੋ ਹਰ ਰੋਜ਼।

## ਪੜ੍ਹੋ ਮਿਲ ਕੇ।

## ਪੜ੍ਹਨ ਨੂੰ ਮਜ਼ੇਦਾਰ ਬਣਾ ਦਿਓ!



# ਪੜ੍ਹਨ ਨੂੰ ਮਜ਼ੇਦਾਰ ਬਣਾਉਣ ਦੇ 10 ਤਰੀਕੇ

1. ਆਪਣੇ ਆਲੇ-ਦੁਆਲ਼ੇ ਲਿਖੇ ਲਫਜ਼ਾਂ ਅਤੇ ਅਖਾਣਾ ਵੱਲ ਇਸ਼ਾਰਾ ਕਰੋ – ਸੀਰੀਅਲ ਦੇ ਡੱਬਿਆਂ, ਸੜ੍ਹਕਾਂ ਉੱਤੇ ਲੱਗੇ ਇਸ਼ਾਰਿਆਂ, ਨਕਸ਼ਿਆਂ, ਪੋਸਟਰਾਂ ਅਤੇ ਕਿਤਾਬਾਂ ਵੱਲ।
2. ਆਪਣੇ ਬੱਚੇ ਨੂੰ ਕਿਤਾਬਾਂ ਆਪ ਚੁਣਨ ਦਿਓ।
3. ਅਜਿਹੇ ਬੱਚਿਆਂ ਦੇ ਰਸਾਲੇ ਚੁਣੋ ਜੋ ਤੁਹਾਡਾ ਬੱਚਾ ਪਸੰਦ ਕਰੇ।
4. ਚਾਅ ਨਾਲ ਪੜ੍ਹੋ – ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਵਰਤੋ, ਕਠਪੁਤਲੀਆਂ ਬਣਾ ਕੇ ਕਹਾਣੀ ਨੂੰ ਨਾਟਕੀ ਢੰਗ ਨਾਲ ਪੇਸ਼ ਕਰੋ।
5. ਮਨ ਵਿੱਚ ਕੋਈ ਲਫਜ਼ ਸੋਚੋ ਅਤੇ ਬੱਚੇ ਨੂੰ ਉਹ ਬੁੱਝਣ ਲਈ ਕਹ। ਲਫਜ਼ ਬਾਰੇ ਸੁਝਾਅ ਦਿੰਦੇ ਰਹੋ। ਕੋਈ ਅਜਿਹੇ ਲਫਜ਼ ਚੁਣੋ ਜੋ ਤੁਹਾਡੇ ਅਤੇ ਬੱਚੇ, ਦੋਵਾਂ ਵੱਲੋਂ ਮਿਲ ਕੇ ਕੀਤੀ ਕਿਸੇ ਗੱਲ ਬਾਰੇ ਹੋਣ।
6. ਪੱਤੇ ਨਾਲ ਪੱਤਾ ਮਿਲਾਉਣਾ ਖੇਡਣ ਲਈ ਆਪਣੀ ਤਾਸ਼ ਬਣਾਓ – ਅੱਖਰਾਂ ਅਤੇ ਲਫਜ਼ਾਂ ਨੂੰ ਤਸਵੀਰਾਂ ਨਾਲ ਮੇਲੋ। ਅਜਿਹੀਆਂ "ਬੋਰਡ ਗੇਮਜ਼" ਜਾਂ ਦਿਮਾਗੀ ਖੇਡਾਂ ਖੇਡੋ ਜਿਨ੍ਹਾਂ ਵਿੱਚ ਲਫਜ਼ ਬਣਾਉਣੇ ਅਤੇ ਕਿਸੇ ਕਾਰਡ ਤੇ ਲਿਖੇ ਲਫਜ਼ ਪੜ੍ਹਨੇ ਹੋਣ।
7. ਆਪਣੀ ਰਸੋਈ ਨੂੰ ਪੜ੍ਹਾਈ ਦੇ ਇਲਾਕੇ ਦਾ ਹਿੱਸਾ ਬਣਾ ਲਓ। ਫਰਿੱਜ ਉੱਤੇ ਚੁੰਬਕ ਲਾ ਦਿਓ ਤਾਂ ਜੋ ਬੱਚੇ ਲਫਜ਼ ਘੜਨੇ ਅਤੇ ਛੋਟੇ ਵਾਕ ਬਣਾਉਣੇ ਸ਼ੁਰੂ ਕਰ ਦੇਣ।
8. ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਉਤਸ਼ਾਹਿਤ ਕਰੋ ਕਿ ਜੇ ਤੁਹਫੇ ਦੇਣੇ ਹੋਣ ਤਾਂ ਕਿਤਾਬਾਂ ਦੇਣ।
9. ਯਾਦਦਾਸ਼ਤ ਵਾਲੀਆਂ ਖੇਡਾਂ ਖੇਡੋ। ਫਰਸ਼ ਉੱਤੇ ਕੁੱਝ ਚੀਜ਼ਾਂ ਰੱਖੋ, ਬੱਚੇ ਨੂੰ ਕਹੋ ਕਿ ਇੱਕ ਮਿੰਟ ਉਨਾਂ ਉੱਤੇ ਝਾਤੀ ਮਾਰ ਲਵੇ, ਅਤੇ ਫਿਰ ਉਨਾਂ ਨੂੰ ਢਕ ਦਿਓ। ਬੱਚੇ ਨੂੰ ਕਹੋ ਕਿ ਜਿੰਨੀਆਂ ਵੀ ਵੱਧ ਤੋਂ ਵੱਧ ਵਸਤਾਂ ਦੇ ਨਾਮ ਗਿਣਾ ਸਕਦਾ ਹੈ, ਗਿਣਾਵੇ।
10. ਹਰ ਤਰ੍ਹਾਂ ਦੀ ਸਮੱਗਰੀ ਪੜ੍ਹੋ – ਕਹਾਣੀਆਂ, ਕਵਿਤਾਵਾਂ, ਅਖ਼ਬਾਰਾਂ ਦੇ ਲੇਖ, ਰਸਾਲੇ ਅਤੇ ਕਾਮਿਕਸ।

English

Français
French

عربي
Arabic

繁體中文
Traditional Chinese

简体中文
Simplified Chinese

فارسی
Farsi

हिन्दी
Hindi

한국어
Korean

Português
Portuguese

ਪੰਜਾਬੀ
Punjabi

Español
Spanish

Tagalog
Tagalog

தமிழ்
Tamil

اردو
Urdu

TiếngViệt
Vietnamese

**www.ontario.ca/abc123** ਵਿਖੇ 14 ਬੋਲੀਆਂ ਵਿੱਚ ਪੜ੍ਹਨ ਬਾਰੇ ਸੁਝਾਅ ਹਾਸਲ ਕਰੋ



ਹਰ ਵਿਦਿਆਰਥੀ ਤੱਕ ਪਹੁੰਚ।

Ontario



abc123

ਤੁਹਾਡੇ ਬੱਚੇ ਦੀ ਕਾਮਯਾਬੀ ਲਈ ਸਰਲ ਕਦਮ

# ਪੜ੍ਹਨ ਵਿੱਚ ਆਪਣੇ ਬੱਚੇ ਦੀ ਮਦਦ ਲਈ ਸੁਝਾਅ

## ਪੜ੍ਹੋ ਹਰ ਰੋਜ਼। ਪੜ੍ਹੋ ਮਿਲ ਕੇ। ਪੜ੍ਹਨ ਨੂੰ ਮਜ਼ੇਦਾਰ ਬਣਾ ਦਿਓ!

ਪੜ੍ਹਨ, ਲਿਖਣ ਅਤੇ ਗਣਿਤ ਬਾਰੇ ਵਧੇਰੇ ਸੁਝਾਵਾਂ ਲਈ ਵੈੱਬਸਾਈਟ ਵੇਖੋ:

***www.ontario.ca/abc123***

## ਕਿੰਡਰਗਾਰਟਨ – ਗਰੇਡ 3

1. **ਗਲਵਕੜੀ ਵਿੱਚ ਲੈ ਕੇ ਪੜ੍ਹੋ।** ਇਕੱਠਿਆਂ ਸ਼ਾਂਤ ਵੇਲ਼ਾ ਆਪਸੀ ਨੇੜਤਾ ਵਧਾਉਣ... ਅਤੇ ਪੜ੍ਹਨ ਦਾ ਮੌਕੇ ਹੁੰਦਾ ਹੈ। ਆਪਣੀ ਆਵਾਜ਼ ਨੂੰ ਜ਼ਰਾ ਚਾਅ ਨਾਲ ਭਰ ਲਓ। ਬੱਚੇ ਨੂੰ ਹੱਲਾਸ਼ੇਰੀ ਦਿਓ ਕਿ ਹਰ ਦੂਜਾ ਪੰਨਾ ਉਹ ਪੜ੍ਹੇ। ਜਿਉਂ-ਜਿਉਂ ਪੜ੍ਹਦੇ ਜਾਓਂ, ਕੋਈ ਵੀ ਨਵਾਂ ਲਫਜ਼ ਜਾਂ ਵਿਚਾਰ ਸਮਝਾਉਂਦੇ ਰਹੋ।

2. **ਪੜ੍ਹਨ ਲਈ ਇੱਕ ਆਦਰਸ਼ ਬਣੋ।** ਜਦੋਂ ਬੱਚੇ ਤੁਹਾਨੂੰ ਪੜ੍ਹਦਿਆਂ ਵੇਖਦੇ ਹਨ, ਉਹ ਤੁਹਾਡੀ ਰੀਸ ਕਰਨਾ ਚਾਹੁੰਦੇ ਹਨ। ਇਹ ਪਤਾ ਲਾਉਣ ਲਈ ਉਨ੍ਹਾਂ ਨੂੰ ਬਹੁਤਾ ਸਮਾਂ ਨਹੀਂ ਲੱਗਣਾ ਕਿ ਪੜ੍ਹਨਾ ਇੱਕ ਮਜ਼ੇਦਾਰ, ਦਿਲਚਸਪ ਅਤੇ "ਵੱਡਿਆਂ ਦੇ ਕਰਨ ਵਾਲੀ" ਚੀਜ਼ ਹੈ।

3. **ਜਨਤਕ ਲਾਇਬ੍ਰੇਰੀਆਂ ਸਿੱਖਣ ਵਾਲੀਆਂ ਬੇਥਾਹ ਚੀਜ਼ਾਂ ਨਾਲ ਭਰੀਆਂ ਪਈਆਂ ਹਨ।** ਤੁਹਾਡੀ ਲਾਇਬ੍ਰੇਰੀ ਵਿੱਚ ਬੜੇ ਚੰਗੇ ਸਾਧਨ, ਅਤੇ ਨਿੱਕੇ ਬੱਚਿਆਂ ਲਈ ਦਾਇਰੇ ਵਿੱਚ ਬੈਠ ਕੇ ਪੜ੍ਹਨ, ਅਤੇ ਵੱਡੇ ਬੱਚਿਆਂ ਲਈ ਹੋਮਵਰਕ ਕਲੱਬਾਂ ਵਰਗੇ ਅੰਦਰੂਨੀ ਪ੍ਰੋਗਰਾਮ ਹੁੰਦੇ ਹਨ।

4. **ਖੇਡਾਂ ਸਿੱਖਿਆ ਦਾ ਬੜਾ ਚੰਗਾ ਸਾਧਨ ਹੁੰਦੀਆਂ ਹਨ।** "ਵਰਡ ਬਿੰਗੋ" ਜਾਂ "ਮੈਮਰੀ ਕਾਰਡ" ਅਤੇ "ਰ੍ਹਾਈਮਿੰਗ ਕਾਰਡ" ਵਰਗੀਆਂ ਦਿਮਾਗੀ ਜਾਂ ਤਾਸ਼ ਦੀਆਂ ਖੇਡਾਂ ਲਫਜ਼, ਅੱਖਰਾਂ ਦੀਆਂ ਆਵਾਜ਼ਾਂ, ਅਤੇ ਪੜ੍ਹਨਾ ਸਿੱਖਣ ਦਾ ਇੱਕ ਮਜ਼ੇਦਾਰ ਤਰੀਕਾ ਹੁੰਦੀਆਂ ਹਨ।

## ਗਰੇਡ 4 – 6

1. **ਆਪਣੇ ਬੱਚੇ ਨਾਲ ਪੜ੍ਹਦੇ ਰਹੋ।** ਬੱਚੇ ਕਦੀ ਵੀ ਇੰਨੇ ਵੱਡੇ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਪੜ੍ਹ ਕੇ ਨਾ ਸੁਣਾਇਆ ਜਾਵੇ ਜਾਂ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਣ ਲਈ ਨਾ ਕਿਹਾ ਜਾ ਸਕੇ। ਵੱਖ-ਵੱਖ ਤਰ੍ਹਾਂ ਦੀ ਪੜ੍ਹਨ-ਸਮੱਗਰੀ ਪੜ੍ਹੋ – ਰਸਾਲੇ, ਅਖ਼ਬਾਰਾਂ, ਕਿਤਾਬਾਂ, ਕਵਿਤਾਵਾਂ ਅਤੇ ਕਾਮਿਕਸ।

2. **ਦਿਲਚਸਪੀਆਂ ਅਤੇ ਸ਼ੌਕਾਂ ਨੂੰ ਅਜ਼ਮਾ ਕੇ ਵੇਖੋ।** ਬੱਚਿਆਂ ਵੱਲੋਂ ਅਜਿਹੇ ਮਜ਼ਮੂਨਾਂ ਬਾਰੇ ਸਮੱਗਰੀ ਪੜ੍ਹੇ ਜਾਣ ਦੀ ਗੁੰਜਾਇਸ਼ ਵੱਧ ਹੋਵੇਗੀ ਜਿਨਾਂ ਵਿੱਚ ਉਨ੍ਹਾਂ ਦੀ ਰੁਚੀ ਵੱਧ ਹੋਵੇ, ਜਿਵੇਂ ਖੇਡਾਂ ਜਾਂ ਦਸਤਕਾਰੀ। ਕੋਈ ਗੱਲ ਨਹੀਂ ਜੇ ਉਹ ਕਾਮਿਕਸ, ਰਸਾਲੇ ਜਾਂ ਸਚਿਤਰ ਨਾਵਲ ਪੜ੍ਹਨ। ਜੋ ਵੀ ਪੜ੍ਹਨ, ਚੰਗਾ ਹੈ। ਉਮਰ ਵਧਣ ਨਾਲ ਮਜ਼ਮੂਨ ਬਦਲ ਜਾਣਗੇ।

3. **ਕੁੱਝ ਐਸੀਆਂ ਕਿਤਾਬਾਂ ਪੜ੍ਹੋ ਜੋ ਤੁਹਾਡਾ ਬੱਚਾ ਪੜ੍ਹਦਾ ਹੈ।** ਆਪਣੇ ਲਾਇਬ੍ਰੇਰੀਅਨ ਜਾਂ ਬੱਚੇ ਦੇ ਅਧਿਆਪਕ ਕੋਲੋਂ ਰਾਇ ਲਓ। ਪਾਤਰਾਂ, ਕਹਾਣੀਆਂ ਜਾਂ ਮਜ਼ਮੂਨਾਂ ਬਾਰੇ ਤੁਸੀਂ ਬੜੀ ਚੰਗੀ ਵਿਚਾਰ-ਚਰਚਾ ਕਰ ਸਕਦੇ ਹੋ।

4. **ਆਪਣੇ ਬੱਚੇ ਨੂੰ ਕਹੋ ਕਿ ਜੋ ਉਹ ਪੜ੍ਹ ਰਿਹਾ ਹੈ, ਉਸ ਬਾਰੇ ਤੁਹਾਡੇ ਨਾਲ ਗੱਲ ਕਰੇ।** ਪੁੱਛੋ ਕਿ ਕਿਤਾਬ ਕਾਹਦੇ ਬਾਰੇ ਹੈ ਅਤੇ ਇਸ ਵਿੱਚ ਸਭ ਤੋਂ ਚੰਗੀ ਕਿਹੜੀ ਗੱਲ ਲੱਗੀ ਹੈ। ਆਪਣੇ ਬੱਚੇ ਨੂੰ ਕਹੋ ਕਿ ਇਹ ਗੱਲਾਂ ਤੁਹਾਨੂੰ ਸਮਝਾਵੇ।




© ਕੁਈਨਜ਼ ਪ੍ਰਿੰਟਰ ਫਾਰ ਓਨਟੇਰੀਓ, 2008 ISBN 978-1-4249-7554-9 (PDF)